# ਮਾਤਾ ਗੁਜਰੀ ਕਾਲਜ

ਫਤਹਿਗੜ੍ਹ ਸਾਹਿਬ (ਪੰਜਾਬ) 140406

ਅਟੌਨੋਮਸ ਕਾਲਜ

(ਨੈਕ ਵੱਲੋਂ ਪੁਨਰ-ਪ੍ਰਮਾਣਿਤ 'ਏ' ਗਰੇਡ)

ਪੰਜਾਬੀ ਯੂਨੀਵਰਸਿਟੀ ਪਟਿਆਲਾ ਤੋਂ ਮਾਨਤਾ ਪ੍ਰਾਪਤ

ਦਫ਼ਤਰ ਕੰਟਰੋਲਰ(ਪ੍ਰੀਖਿਆਵਾਂ)

ਪੱਤਰ ਨੰ.ਮ.ਗ.ਕ/22-23/54

ਮਿਤੀ:15.05.2023

## ਵਿਸ਼ੇਸ਼ ਮੌਕਾ ਪ੍ਰੀਖਿਆ ਸਬੰਧੀ ਨੋਟਿਸ

ਪੰਜਾਬੀ ਯੂਨੀਵਰਸਿਟੀ,ਪਟਿਆਲਾ ਦੇ ਪੱਤਰ ਨੰਬਰ 4297/coe ਮਿਤੀ 09.05.2023 ਦੀ ਲੋਅ ਵਿੱਚ ਅਜਿਹੇ ਵਿਦਿਆਰਥੀਆਂ ਨੂੰ ਇੱਕ ਵਿਸ਼ੇਸ਼ ਮੌਕਾ ਦਿੱਤਾ ਜਾਂਦਾ ਹੈ ਜੋ ਆਪਣੀ ਕਲਾਸ/ਕੋਰਸ ਦੇ ਇਕ ਭਾਗ/ਸਮੈਸਟਰ ਵਿੱਚ ਫੇਲ੍ਹ ਹੋਣ/ਗੈਰਹਾਜ਼ਰ ਰਹਿਣ ਕਾਰਣ ਪੂਰੇ ਵਿਸ਼ੇ ਜਾਂ ਰੀਅਪੀਅਰ/ਇੰਪਰੂਵਮੈਂਟ ਦੀ ਪ੍ਰੀਖਿਆ ਪੰਜਾਬੀ ਯੂਨੀਵਰਸਿਟੀ,ਪਟਿਆਲਾ ਦੇ ਨਿਯਮਾਂ ਅਨੁਸਰ ਮਿਲਦੇ ਮੌਕਿਆਂ/ਸਮਾਂ ਸੀਮਾ ਵਿੱਚ ਪਾਸ ਨਹੀਂ ਕਰ ਸਕੇ ਜਿਸ ਕਾਰਣ ਉਹਨਾਂ ਨੂੰ ਕਲਾਸ/ਕੋਰਸ ਦੀ ਡਿਗਰੀ ਜਾਰੀ ਨਹੀਂ ਹੋ ਸਕੀ।ਇਸ ਦੇ ਨਾਲ ਹੀ ਕੁੱਝ ਵਿਦਿਆਰਥੀ ਅਜਿਹੇ ਹਨ,ਜਿਨ੍ਹਾਂ ਨੇ ਆਪਣੇ ਕਲਾਸ/ਕੋਰਸ ਵਿੱਚ ਇਨਵਾਇਰਨਮੈਂਟ ਐਂਡ ਰੋਡ ਸੇਫਟੀ ਅਵੇਅਰਨੈਸ਼(EVS) ਅਤੇ ਡਰੱਗ ਐਬਿਊਜ਼ ਦਾ ਪੇਪਰ ਕੁਆਲੀਫਾਈ ਨਹੀਂ ਕੀਤਾ ਜਿਸ ਕਾਰਣ ਯੂ.ਜੀ.ਸੀ ਨਿਯਮਾਂ ਅਨੁਸਾਰ ਉਨ੍ਹਾਂ ਨੂੰ ਡਿਗਰੀ ਜਾਰੀ ਨਹੀਂ ਹੋ ਸਕੀ।

ਇਸ ਵਿਸ਼ੇਸ਼ ਮੌਕੇ ਅਧੀਨ ਪ੍ਰੀਖਿਆ ਦੇਣ ਦੇ ਇਛੱਕ ਵਿਦਿਆਰਥੀ ਹੇਠ ਲਿਖੇ ਅਨੁਸਾਰ ਫੀਸ/ਪ੍ਰੀਖਿਆ ਫਾਰਮ ਭਰਨਗੇ ਅਤੇ ਉਨ੍ਹਾਂ ਦੀ ਪਾਤਰਤਾ ਅਤੇ ਪ੍ਰੀਖਿਆ ਸ਼ਡਿਊਲ ਹੇਠ ਲਿਖੇ ਅਨੁਸਾਰ ਹੋਵੇਗਾ:

1. ਈਵਨ ਸਮੈਸਟਰ ਦੀ ਪ੍ਰੀਖਿਆ ਦੇਣ ਵਾਲੇ ਵਿਦਿਆਰਥੀ ਈਵਨ ਸਮੈਸਟਰ ਦੀਆਂ ਪ੍ਰੀਖਿਆਵਾਂ ਦੌਰਾਨ ਅਤੇ ਓਡ ਸਮੈਸਟਰ ਦੀਆਂ ਪ੍ਰੀਖਿਆਵਾਂ ਦੇਣ ਵਾਲੇ ਵਿਦਿਆਰਥੀ ਓਡ ਸਮੈਸਟਰ ਦੀਆਂ ਪ੍ਰੀਖਿਆਵਾਂ ਦੌਰਾਨ ਹੀ ਆਪਣੀ ਪ੍ਰੀਖਿਆ ਦੇ ਸਕਣਗੇ।ਉਨ੍ਹਾਂ ਲਈ ਕੋਈ ਵਿਸ਼ੇਸ਼ ਤੌਰ ਤੇ ਅਲੱਗ ਪ੍ਰੀਖਿਆ ਕੰਡਕਟ ਨਹੀਂ ਕਰਵਾਈ ਜਾਵੇਗੀ।
2. ਅਜਿਹੇ ਵਿਦਿਆਰਥੀ ਜੋ ਆਪਣੀ ਰੀ-ਅਪੀਅਰ ਪ੍ਰੀਖਿਆ ਯੂਨੀਵਰਸਿਟੀ ਨਿਯਮਾਂ ਅਨੁਸਾਰ ਮਿਲਦੇ ਸਮਾਂ ਸੀਮਾਂ ਵਿੱਚ ਮਿਲੇ ਮੌਕਿਆ ਵਿੱਚ ਪਾਸ ਨਹੀਂ ਕਰ ਸਕੇ,ਉਨ੍ਹਾਂ ਲਈ ਵਿਸ਼ੇਸ਼ ਮੌਕਾ ਪ੍ਰੀਖਿਆ ਲਈ ਫੀਸ 50000/- ਰੁਪਏ (ਦੋ ਪੇਪਰਾਂ ਦੀ ਰੀਅਪੀਅਰ ਲਈ,ਵੱਧ ਤੋਂ ਵੱਧ ਦੋ ਸਮੈਸਟਰਾਂ ਲਈ) ਅਤੇ ਦੋ ਤੋਂ ਵੱਧ ਪੇਪਰਾਂ ਲਈ ਵਿਸ਼ੇਸ਼ ਮੌਕਾ ਪ੍ਰੀਖਿਆ ਫੀਸ 60000/- ਰੁਪਏ ਨਿਰਧਾਰਿਤ ਕੀਤੀ ਗਈ ਹੈ।ਪੇਪਰਾਂ ਸਬੰਧੀ ਆਖਰੀ ਫੈਸਲਾ ਲੈਣ ਦਾ ਅਧਿਕਾਰ ਕੰਰਟੋਲਰ(ਪ੍ਰੀਖਿਆਵਾਂ) ਕੋਲ ਹੋਵੇਗਾ।ਹਰੇਕ ਸਮੈਸਟਰ ਦੀ ਪ੍ਰੀਖਿਆ ਫੀਸ/ਫਾਰਮ ਦੀ ਕੀਮਤ ਵੱਖਰੀ ਹੋਵੇਗੀ।
3. ਇਨਵਾਇਰਨਮੈਂਟ ਐਂਡ ਰੋਡ ਸੇਫਟੀ ਅਵੇਅਰਨੈਸ਼(EVS) ਅਤੇ ਡਰੱਗ ਐਬਿਊਜ਼ ਦੇ ਪੇਪਰ ਦੇਣ ਲਈ ਸਪੈਸ਼ਲ ਮੌਕਾ ਫੀਸ 2500/- ਰੁਪਏ ਨਿਰਧਾਰਿਤ ਕੀਤੀ ਗਈ ਹੈ।ਪ੍ਰੀਖਿਆ ਫੀਸ ਅਤੇ ਫਾਰਮ ਦੀ ਫੀਸ ਵੱਖਰੀ ਹੋਵੇਗੀ।ਜਿਨ੍ਹਾਂ ਵਿਦਿਆਰਥੀਆਂ ਨੇ EVS ਅਤੇ Drug Abuse ਦੋਵੇ ਪੇਪਰਾਂ ਦੀ ਪ੍ਰੀਖਿਆਂ ਦੇਣੀ ਹੈ ਉਨ੍ਹਾਂ ਨੂੰ ਇਨ੍ਹਾਂ ਪ੍ਰੀਖਿਆਵਾਂ ਲਈ ਸੁਪੈਸ਼ਲ ਮੌਕਾ ਫੀਸ 2500/- ਰੁਪਏ ਅਤੇ ਪ੍ਰੀਖਿਆ ਫੀਸ ਅਤੇ ਫਾਰਮ ਦੀ ਫੀਸ ਵੱਖੋ-ਵੱਖਰੀ ਭਰਨੀ ਹੋਵੇਗੀ।
4. ਇਸ ਵਿਸ਼ੇਸ਼ ਮੌਕਾ ਪ੍ਰੀਖਿਆ ਲਈ ਇੱਛੁਕ ਵਿਦਿਆਰਥੀ ਆਪਣੇ ਪ੍ਰੀਖਿਆ ਫਾਰਮ ਅਤੇ ਬਣਦੀ ਫੀਸ,ਮਿਤੀ **30.05.2023** ਤੱਕ ਜਮ੍ਹਾਂ ਕਰਵਾ ਸਕਦੇ ਹਨ।ਪ੍ਰੀਖਿਆ ਫਾਰਮ ਅਤੇ ਪ੍ਰੀਖਿਆ ਫੀਸ ਕੇਵਲ ਆਫ ਲਾਈਨ ਮੋਡ ਰਾਂਹੀ ਹੀ ਸਵੀਕਾਰ ਕੀਤੇ ਜਾਣਗੇ।

ਹਰਜੀਤ ਸਿੰਘ

ਕੰਟਰੋਲਰ ਪ੍ਰੀਖਿਆਵਾਂ
ਮਾਤਾ ਗੁਜਰੀ ਕਾਲਜ
ਫਤਹਿਗੜ੍ਹ ਸਾਹਿਬ

01763-504511,504520 helpdeskexambranch@matagujricollege.org www.matagujricollege.org

Scanned with CamScanner